# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),ਪੰਜਾਬ।
2. ਸਮੂਹ ਜ਼ਿਲ੍ਹਾ ਸਾਇੰਸ, ਸੁਪਰਵਾਈਜ਼ਰ, ਪੰਜਾਬ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/ 74338-378
ਮਿਤੀ,ਚੰਡੀਗੜ੍ਹ 7-12-2010

ਵਿਸ਼ਾ :- ਮਾਸਿਕ ਸਾਇੰਸ ਮੈਗਜ਼ੀਨ, 'ਨਿਰੰਤਰ ਸੋਚ' ਬਾਰੇ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਅਤੇ ਟੈਕਨੋਲੋਜੀ (ਸਟੇਟ ਸਰਕਾਰ ਅੰਡਰਟੇਕਿੰਗ) ਜੋ ਕਿ ਇੱਕ ਪੰਜਾਬ ਸਰਕਾਰ ਦਾ ਅਦਾਰਾ ਹੈ ਵੱਲੋਂ ਸਾਇੰਸ ਵਿਸ਼ੇ ਪ੍ਰਤੀ ਰੈਗੂਲਰ ਸਿਲੇਬਸ ਤੋਂ ਇਲਾਵਾ ਸਾਇੰਸ ਅਤੇ ਗਣਿਤ ਦੇ ਵਿਸ਼ਿਆਂ ਦਾ ਹੋਰ ਗਿਆਨ ਦੇਣ ਲਈ ਅਤੇ ਜਾਗਰੂਕਤਾ ਲਿਆਉਣ ਲਈ ਸਾਇੰਸ ਦਾ ਮਾਸਿਕ ਮੈਗਜ਼ੀਨ 'ਨਿਰੰਤਰ ਸੋਚ' ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜੋ ਕਿ ਵਿਸ਼ਾ ਮਾਹਿਰਾਂ ਦੇ ਵਿਚਾਰ ਮੁਤਾਬਿਕ, ਸਾਇੰਸ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਾਇੰਸ ਵਿਸ਼ੇ ਵਿੱਚ ਰੋਜ਼ਾਨਾ ਹੋ ਰਹੀਆਂ ਖੋਜਾਂ ਪ੍ਰਤੀ ਜਾਣੂ ਕਰਵਾਉਣ ਲਈ ਲਾਭਦਾਇਕ ਹੈ। ਇਸ ਸਾਇੰਸ ਮੈਗਜ਼ੀਨ ਲਈ ਸਾਇੰਸ/ਗਣਿਤ ਅਧਿਆਪਕ ਅਤੇ ਵਿਦਿਆਰਥੀ ਨੂੰ ਆਪਣੀਆਂ ਆਪਣੀ ਸਾਇੰਸ ਅਤੇ ਮੈਥ ਪ੍ਰਤੀ ਲਿਖਤਾਂ ਵੀ ਪ੍ਰਕਾਸ਼ਿਤ ਕਰਨ ਲਈ ਉਪਰੋਕਤ ਸੰਸਥਾਵਾਂ ਨੂੰ ਭੇਜ ਸਕਦੇ ਹਨ।

3.0 ਇਸ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆਂ ਨੂੰ ਉਕਤ ਮੈਗਜ਼ੀਨ ਸਕੂਲਾਂ ਦੀ ਲਾਇਬ੍ਰੇਰੀ ਵਿੱਚ ਲਗਾਉਣ ਲਈ ਜਾਣਕਾਰੀ

ਚਲਦਾ ਪੰਨਾ .........

ਦੇ ਦਿੱਤੀ ਜਾਵੇ ਜੀ। ਇਸ ਮੈਗਜ਼ੀਨ ਦਾ ਮਾਸਿਕ ਚੰਦਾ 15/- ਰੁਪਏ ਜਦੋਂ ਕਿ ਸਲਾਨਾ ਚੰਦਾ ਪੰਜਾਬ ਕੌਂਸਲ ਫਾਰ ਸਾਇੰਸ ਟੈਕਨਾਲੋਜੀ ਦੁਆਰਾ 150/- ਰੁਪਏ ਰਖਿਆ ਗਿਆ ਹੈ।

4.0 ਇਸ ਮਾਸਿਕ ਮੈਗਜ਼ੀਨ ਦਾ ਖਰਚਾ, ਸਕੂਲ ਗ੍ਰਾਂਟ ਵਿੱਚੋਂ ਕੀਤਾ ਜਾ ਸਕਦਾ ਹੈ।

5.0 ਇਸ ਮੈਗਜ਼ੀਨ ਵਿੱਚੋਂ ਮਹੀਨੇ ਦੇ ਅੰਤ ਵਿੱਚ ਹੋਣ ਵਾਲੀ ਬਾਲ ਸਭਾ ਵਿੱਚ ਛੋਟੇ-ਛੋਟੇ ਪ੍ਰਸ਼ਨ, ਪੁੱਛੇ ਜਾਣ ਅਤੇ ਸਹੀ ਉਤਰ ਦੇਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਦੇ ਮੌਕੇ ਤੇ ਛੋਟਾ ਇਨਾਮ ਵੀ ਦਿੱਤਾ ਜਾ ਸਕਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ